# ਨਜ਼ਦੀਕੀ ਰਿਸ਼ਤੇਦਾਰ/ਸਰਪ੍ਰਸਤ ਜਾਂ ਭਲਾਈ ਵਕੀਲ - ਸੰਖੇਪ ਜਾਣਕਾਰੀ ਦਾ ਸਾਰ:

ਕੁੱਲ੍ਹੇ ਦੇ ਫ੍ਰੈਕਚਰ ਲਈ ਸਰਜਰੀ ਤੋਂ ਗੁਜਰ ਰਹੇ ਮਰੀਜ਼ਾਂ ਵਿੱਚ ਕਾਰਡੀਐਕ ਸੱਟ ਅਤੇ ਮੌਤ 'ਤੇ ਪ੍ਰਤੀਰੋਧਕ ਬਨਾਮ ਸੁਤੰਤਰ ਟ੍ਰਾਂਸਫਿਊਜ਼ਨ ਰਣਨੀਤੀ ਦਾ ਪ੍ਰਭਾਵ (ਨਤੀਜਾ-ਕੁੱਲ੍ਹਾ)

*ਤੁਹਾਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਤੁਸੀਂ ਆਪਣੇ ਰਿਸ਼ਤੇਦਾਰ/ਬੱਚੇ/ਵਿਅਕਤੀ ਜਿਸ ਲਈ ਤੁਸੀਂ ਸਹਿਮਤੀ ਦੇ ਰਹੇ ਹੋ (ਇੱਥੋਂ ਅੱਗੇ' ਰਿਸ਼ਤੇਦਾਰ  ਵਜੋਂ ਕਿਹਾ ਗਿਆ ਹੈ) ਨੂੰ ਖੋਜ ਅਧਿਐਨ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦੇਣ' ਤੇ ਵਿਚਾਰ ਕਰੋ। ਕਿਰਪਾ ਕਰਕੇ ਹੇਠਾਂ ਦਿੱਤੇ ਸਾਰਾਂਸ਼ ਨੂੰ ਪੜ੍ਹਨ ਲਈ ਸਮਾਂ ਕੱਢੋ ਜੋ ਸੰਖੇਪ ਵਿੱਚ ਟ੍ਰਾਇਲ ਦੀ ਰੂਪਰੇਖਾ ਦਿੰਦਾ ਹੈ। ਜੇਕਰ ਪੜ੍ਹਨ ਤੋਂ ਬਾਅਦ, ਤੁਸੀਂ ਕੁਝ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਖੋਜ ਟੀਮ ਦਾ ਇੱਕ ਮੈਂਬਰ ਤੁਹਾਡੇ ਨਾਲ ਇਸ ਬਾਰੇ ਹੋਰ ਵਿਸਥਾਰ ਵਿੱਚ ਗੱਲ ਕਰਨ ਅਤੇ ਤੁਹਾਨੂੰ ਇੱਕ ਪੂਰੀ ਜਾਣਕਾਰੀ ਸ਼ੀਟ ਪ੍ਰਦਾਨ ਕਰਨ ਵਿੱਚ ਬਹੁਤ ਖੁਸ਼ ਹੋਵੇਗਾ। ਇਹ ਤੁਹਾਨੂੰ ਜਾਂ ਤੁਹਾਡੇ ਰਿਸ਼ਤੇਦਾਰ ਨੂੰ ਕਿਸੇ ਵੀ ਚੀਜ਼ ਲਈ ਵਚਨਬੱਧ ਨਹੀਂ ਕਰਦਾ!*

ਵੀਡੀਓ ਦੇਖਣ ਲਈ ਸਕੈਨ ਕਰੋ

## ਤੁਹਾਡੇ ਰਿਸ਼ਤੇਦਾਰ ਨੂੰ ਇਸ ਅਧਿਐਨ ਵਿੱਚ ਹਿੱਸਾ ਲੈਣ ਲਈ ਕਿਉਂ ਸੱਦਾ ਦਿੱਤਾ ਗਿਆ ਹੈ?

ਤੁਹਾਡੇ ਰਿਸ਼ਤੇਦਾਰ ਨੂੰ ਇਸ ਲਈ ਸੱਦਾ ਦਿੱਤਾ ਗਿਆ ਹੈ ਕਿਉਂਕਿ ਉਨ੍ਹਾਂ ਦਾ ਕੁੱਲ੍ਹਾ ਟੁੱਟ ਗਿਆ ਹੈ। ਉਹ ਅਧਿਐਨ ਵਿੱਚ ਹਿੱਸਾ ਲੈ ਸਕਦੇ ਹਨ ਜੇਕਰ ਉਨ੍ਹਾਂ ਨੂੰ ਅਨੀਮੀਆ ਹੋ ਜਾਂਦਾ ਹੈ ('ਖੂਨ ਦੀ ਗਿਣਤੀ ਘੱਟ ਹੈ')।

## ਇਸ ਅਧਿਐਨ ਦਾ ਉਦੇਸ਼ ਕੀ ਹੈ?

ਉਹ ਲੋਕ ਜਿਨ੍ਹਾਂ ਦੀ ਟੁੱਟੇ ਹੋਏ ਕੁੱਲ੍ਹੇ ਲਈ ਸਰਜਰੀ ਹੋਈ ਹੈ, ਸਰਜਰੀ ਤੋਂ ਬਾਅਦ ਕੁਝ ਪੇਚੀਦਗੀਆਂ ਦਾ ਅਨੁਭਵ ਕਰ ਸਕਦੇ ਹਨ। ਡਾਕਟਰਾਂ ਦਾ ਮੰਨਣਾ ਹੈ ਕਿ ਜੋ ਲੋਕ ਅਨੀਮਿਕ (ਘੱਟ 'ਖੂਨ ਦੀ ਗਿਣਤੀ' ਵਾਲੇ) ਹੋ ਜਾਂਦੇ ਹਨ, ਸਰਜਰੀ ਦੇ ਸਮੇਂ ਦੇ ਆਲੇ-ਦੁਆਲੇ ਖੂਨ ਚੜ੍ਹਾ ਕੇ ਉਹਨਾਂ ਲੋਕਾ ਦਾ ਇਲਾਜ ਕਰਨ ਨਾਲ ਬਾਅਦ ਵਿੱਚ ਇਹਨਾਂ ਪੇਚੀਦਗੀਆਂ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ। ਹਾਲਾਂਕਿ ਇਸ ਖੇਤਰ ਵਿੱਚ ਕੁਝ ਖੋਜ ਕੀਤੀ ਗਈ ਹੈ, ਡਾਕਟਰ ਟੁੱਟੇ ਹੋਏ ਕੁੱਲ੍ਹੇ ਵਾਲੇ ਲੋਕਾਂ ਨੂੰ ਖੂਨ ਚੜ੍ਹਾਉਣ ਦਾ ਨੁਸਖ਼ਾ ਦੇਣ ਦੇ ਸਭ ਤੋਂ ਵਧੀਆ ਸਮੇਂ ਬਾਰੇ ਅਨਿਸ਼ਚਿਤ ਹਨ। ਅਸੀਂ ਅਨੀਮੀਆ ਦੇ ਦੋ ਵੱਖ-ਵੱਖ ਪੱਧਰਾਂ 'ਤੇ ਖੂਨ ਚੜ੍ਹਾਉਣ ਦੀ ਤੁਲਨਾ ਕਰਨ ਲਈ ਇੱਕ ਅਧਿਐਨ ਕਰ ਰਹੇ ਹਾਂ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਕਿਹੜਾ ਸਭ ਤੋਂ ਵਧੀਆ ਹੈ।

## ਕੀ ਮੇਰੇ ਰਿਸ਼ਤੇਦਾਰ ਨੂੰ ਹਿੱਸਾ ਲੈਣਾ ਪਵੇਗਾ?

ਨਹੀਂ, ਇਹ ਤੁਹਾਡੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਸਲਾਹ ਦਿਓ ਕਿ ਤੁਹਾਡੇ ਰਿਸ਼ਤੇਦਾਰ ਨੂੰ ਹਿੱਸਾ ਲੈਣਾ ਚਾਹੀਦਾ ਹੈ ਜਾਂ ਨਹੀਂ। ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਤੁਸੀਂ ਖੋਜ ਬਾਰੇ ਆਪਣੇ ਵਿਚਾਰਾਂ ਨੂੰ ਇੱਕ ਪਾਸੇ ਰੱਖੋ ਅਤੇ ਆਪਣੇ ਰਿਸ਼ਤੇਦਾਰ ਦੀਆਂ ਪਿਛਲੀਆਂ ਅਤੇ ਵਰਤਮਾਨ ਇੱਛਾਵਾਂ ਅਤੇ ਭਾਵਨਾਵਾਂ 'ਤੇ ਵਿਚਾਰ ਕਰੋ, ਜੇਕਰ ਉਹ ਆਪਣੇ ਲਈ ਖੁਦ ਸਹਿਮਤੀ ਦੇ ਸਕਦੇ ਸੀ। ਤੁਸੀਂ ਕਿਸੇ ਵੀ ਸਮੇਂ ਅਤੇ ਬਿਨਾਂ ਕੋਈ ਕਾਰਨ ਦੱਸੇ ਆਪਣਾ ਮਨ ਬਦਲਣ ਲਈ ਸੁਤੰਤਰ ਹੋਵੋਗੇ। ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਰਿਸ਼ਤੇਦਾਰ ਸ਼ਾਮਲ ਹੋਵੇ, ਤਾਂ ਇਹ ਉਸ ਸਿਹਤ ਸੰਭਾਲ ਨੂੰ ਪ੍ਰਭਾਵਤ ਨਹੀਂ ਕਰੇਗਾ ਜੋ ਉਹਨਾਂ ਨੂੰ ਹੁਣ ਜਾਂ ਭਵਿੱਖ ਵਿੱਚ ਕਿਸੇ ਵੀ ਪੜਾਅ 'ਤੇ ਮਿਲਦੀ ਹੈ।

## **ਜੇਕਰ ਤੁਹਾਡੇ ਰਿਸ਼ਤੇਦਾਰ ਹਿੱਸਾ ਲੈਂਦਾ ਹੈ ਤਾਂ ਉਨ੍ਹਾਂ ਨਾਲ ਕੀ ਵਾਪਰੇਗਾ?**

ਅਸੀਂ ਤੁਹਾਡੇ ਨਾਲ ਅਧਿਐਨ ਬਾਰੇ ਵਿਸਥਾਰ ਵਿੱਚ ਚਰਚਾ ਕਰਾਂਗੇ ਅਤੇ ਤੁਹਾਨੂੰ ਇੱਕ ਸਹਿਮਤੀ ਫਾਰਮ 'ਤੇ ਦਸਤਖਤ ਕਰਨ ਲਈ ਕਹਾਂਗੇ। ਜੇਕਰ ਤੁਹਾਡਾ ਰਿਸ਼ਤੇਦਾਰ ਦਾਖਲੇ ਅਤੇ ਸਰਜਰੀ ਤੋਂ ਬਾਅਦ 7 ਦਿਨਾਂ ਦੇ ਵਿਚਕਾਰ ਅਨੀਮਿਕ (ਖੂਨ ਦੀ ਗਿਣਤੀ 90 ਗ੍ਰਾਮ/ਲਿਟਰ ਜਾਂ ਘੱਟ) ਹੋ ਜਾਂਦਾ ਹੈ, ਤਾਂ ਅਸੀਂ ਉਹਨਾਂ ਨੂੰ ਬੇਤਰਤੀਬ ਤੌਰ 'ਤੇ ਦੋ ਟ੍ਰਾਂਸਫਿਊਜ਼ਨ ਸਮੂਹਾਂ ਵਿੱਚੋਂ ਇੱਕ ਵਿੱਚ ਨਿਰਧਾਰਤ ਕਰਨ ਲਈ ਇੱਕ ਕੰਪਿਊਟਰ ਦੀ ਵਰਤੋਂ ਕਰਾਂਗੇ। ਇੱਕ ਸਮੂਹ ਨੂੰ ਵੱਧ ਖੂਨ ਦੀ ਗਿਣਤੀ (90-110 ਗ੍ਰਾਮ/ਲੀਟਰ ਦੇ ਵਿਚਕਾਰ) ਅਤੇ ਦੂਜੇ ਸਮੂਹ ਨੂੰ ਘੱਟ (75-90 ਗ੍ਰਾਮ/ਲੀਟਰ ਦੇ ਵਿਚਕਾਰ) 'ਤੇ ਖੂਨ ਚੜ੍ਹਾਇਆ ਜਾਵੇਗਾ। ਅਸੀਂ ਤੁਹਾਡੇ ਰਿਸ਼ਤੇਦਾਰ ਦੇ ਖੂਨ ਦੇ ਪੱਧਰਾਂ ਦੀ ਨਿਗਰਾਨੀ ਕਰਾਂਗੇ ਅਤੇ ਤੁਹਾਡੇ ਰਿਸ਼ਤੇਦਾਰ ਨੂੰ ਉਨ੍ਹਾਂ ਦੀ ਸਮੂਹ ਵੰਡ ਦੇ ਅਨੁਸਾਰ ਖੂਨ ਚੜ੍ਹਾਇਆ ਜਾਵੇਗਾ ਜਦੋਂ ਤੱਕ ਉਹ ਹਸਪਤਾਲ ਤੋਂ ਨਹੀਂ ਚਲੇ ਜਾਂਦੇ, ਜਾਂ 30 ਦਿਨਾਂ ਤੱਕ, ਜੋ ਵੀ ਜਲਦੀ ਹੈ। ਤੁਹਾਡੇ ਰਿਸ਼ਤੇਦਾਰ ਦੇ ਖੂਨ ਦੇ ਪੱਧਰ, ਗੁਰਦੇ ਦੇ ਕੰਮਕਾਜ ਦੀ ਨਿਗਰਾਨੀ ਕਰਨ ਅਤੇ ਉਨ੍ਹਾਂ ਦੇ ਦਿਲ ਦੀ ਜਾਂਚ ਕਰਨ ਲਈ ਖੂਨ ਦੀ ਜਾਂਚ ਵੀ ਕੀਤੀ ਜਾਵੇਗੀ। ਅਸੀਂ ਇੱਕ ਦਿਲ ਦੀ ਟ੍ਰੇਸਿੰਗ (ਜਿਸਨੂੰ ਇਲੈਕਟ੍ਰੋਕਾਰਡੀਓਗਰਾਮ ਜਾਂ ਈਸੀਜੀ ਕਿਹਾ ਜਾਂਦਾ ਹੈ) ਵੀ ਕਰਾਂਗੇ। ਤੁਹਾਡਾ ਰਿਸ਼ਤੇਦਾਰ ਇਸ ਟ੍ਰਾਇਲ ਦੇ ਹਿੱਸੇ ਵਜੋਂ ਹਸਪਤਾਲ ਵਿੱਚ ਜਿਆਦਾ ਦੇਰ ਨਹੀਂ ਰਹੇਗਾ। ਅਸੀਂ ਉਨ੍ਹਾਂ ਦੇ ਹਸਪਤਾਲ ਰਹਿਣ ਦੌਰਾਨ ਅਤੇ ਚਾਰ ਮਹੀਨਿਆਂ ਤੱਕ ਉਨ੍ਹਾਂ ਦੇ ਮੈਡੀਕਲ ਨੋਟਾਂ ਵਿੱਚ ਇਕੱਠੀ ਕੀਤੀ ਜਾਣਕਾਰੀ ਦੀ ਵੀ ਵਰਤੋਂ ਕਰਾਂਗੇ। ਤੁਹਾਡੇ ਰਿਸ਼ਤੇਦਾਰ ਨੂੰ ਫਾਲੋ-ਅੱਪ ਪੂਰਾ ਕਰਨ ਲਈ ਛੁੱਟੀ ਮਿਲਣ ਤੋਂ ਬਾਅਦ ਹਸਪਤਾਲ ਵਾਪਸ ਆਉਣ ਦੀ ਲੋੜ **ਨਹੀਂ ਪਵੇਗੀ**।

ਅਸੀਂ ਤੁਹਾਡੇ ਰਿਸ਼ਤੇਦਾਰ ਦੇ ਜੀਵਨ ਦੀ ਗੁਣਵੱਤਾ ਬਾਰੇ ਮੁੱਢਲੀ ਜਾਂਚ ਅਤੇ ਫਾਲੋ-ਅੱਪ ਪੜਾਵਾਂ ਦੌਰਾਨ ਕੁਝ ਪ੍ਰਸ਼ਨਾਵਲੀਆਂ ਭਰਨ ਲਈ ਤੁਹਾਡੇ ਨਾਲ ਸੰਪਰਕ ਵੀ ਕਰਾਂਗੇ। ਇਹ ਪ੍ਰਸ਼ਨਾਵਲੀ ਟੈਲੀਫੋਨ ਜਾਂ ਡਾਕ ਰਾਹੀਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।

ਹੋਰ ਜਾਣਕਾਰੀ ਇੱਥੇ ਉਪਲਬਧ ਹੈ: https://edin.ac/result-hip

ਇਸ ਸਾਰਾਂਸ਼ ਨੂੰ ਪੜ੍ਹਨ ਲਈ ਸਮਾਂ ਕੱਢਣ ਲਈ ਤੁਹਾਡਾ ਧੰਨਵਾਦ। ਜੇਕਰ ਤੁਸੀਂ ਇਸ ਅਧਿਐਨ ਬਾਰੇ ਹੋਰ ਸੁਣਨ ਵਿੱਚ ਦਿਲਚਸਪੀ ਰੱਖਦੇ ਹੋ, ਤਾਂ xxxxxxxxxxxxxxxxxx ਨਾਲ ਸੰਪਰਕ ਕਰੋ ਜੋ ਤੁਹਾਡੇ ਤੋਂ ਸੁਣਨ ਦੀ ਉਮੀਦ ਕਰਣਗੇ।

ਈਮੇਲ: xxxxxxxxxxxxxxxxxxxxxxxx ਟੈਲੀ: xxxxxxxxxxxxxxxxxxxxxxx